

# ਤੁਹਾਡੀ ਪਰਿਵਾਰਕ ਜ਼ਿੰਦਗੀ ਸੰਭਾਲਣ ਵਿੱਚ ਮਦਦ ਲਈ ਇੱਥੇ ਹਾਂ

**ਮਾਤਾ-ਪਿਤਾ ਬਣਨ ਦੇ ਉਲਝਣ ਭਰੇ ਸੁੰਦਰ ਪਲਾਂ ਵਿੱਚ, ਸੰਤੁਲਨ ਹੀ ਸਭ ਕੁਝ ਹੈ - ਪਰ ਕਈ ਵਾਰ ਇਹ ਬਰਕਰਾਰ ਰੱਖਣਾ ਮੁਸ਼ਕਲ ਹੋ ਸਕਦਾ ਹੈ।**

Childcare Choices ਵਿਸਤ੍ਰਿਤ ਬਾਲ ਸੰਭਾਲ ਵਿਕਲਪਾਂ ਰਾਹੀਂ ਤੁਹਾਡੀ ਸਹਾਇਤਾ ਲਈ ਇੱਥੇ ਹਾਜ਼ਰ ਹੈ ਜੋ ਤੁਹਾਡੇ ਬੱਚੇ ਨੂੰ ਇੱਕ ਵਧੀਆ ਸੁਰੂਆਤ ਦੇਣ, ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨ, ਅਤੇ ਮਾਮਲੇ ਸੰਭਾਲਣਾ ਥੋੜ੍ਹਾ ਆਸਾਨ ਬਣਾਉਣ ਵਿੱਚ ਮਦਦ ਕਰ ਸਕਦੀ ਹੈ।

HM Government

Childcare Choices

# ਕਲਪਨਾ ਕਰੋ ਕਿ ਬਾਲ ਸੰਭਾਲ ਸਹਾਇਤਾ ਤੁਹਾਡੇ ਪਰਿਵਾਰ ਲਈ ਕੀ ਕਰ ਸਕਦੀ ਹੈ

**ਪਰਿਵਾਰਕ ਜੀਵਨ ਅਤੇ ਬਾਲ ਸੰਭਾਲ ਦਾ ਸੰਤੁਲਨ ਬਣਾਉਣਾ ਚੁਣੌਤੀਪੂਰਨ ਹੋ ਸਕਦਾ ਹੈ। ਇਸ ਲਈ ਅਸੀਂ ਵਧੇਰੇ ਮਾਪਿਆਂ ਨੂੰ ਉਹ ਸਮਰਥਨ ਲੱਭਣ ਵਿੱਚ ਮਦਦ ਕਰਨ ਲਈ ਬਾਲ ਸੰਭਾਲ ਸਮਰਥਨ ਦਾ ਵਿਸਤਾਰ ਕਰ ਰਹੇ ਹਾਂ ਜੋ ਉਨ੍ਹਾਂ ਦੇ ਪਰਿਵਾਰ ਲਈ ਢੁਕਵਾਂ ਹੋਵੇ।**

ਜੇਕਰ ਤੁਸੀਂ 9 ਮਹੀਨਿਆਂ ਤੋਂ 4 ਸਾਲਾਂ ਦੇ ਬੱਚੇ ਵਾਲੇ ਇੱਕ ਕੰਮਕਾਜੀ ਮਾਤਾ-ਪਿਤਾ ਹੋ, ਤਾਂ ਤੁਸੀਂ ਹਰ ਹਫ਼ਤੇ 30 ਘੰਟੇ ਬਾਲ ਸੰਭਾਲ ਪ੍ਰਾਪਤ ਕਰ ਸਕਦੇ ਹੋ, ਜੋ ਸਾਲ ਵਿੱਚ 38 ਹਫ਼ਤਿਆਂ ਤੋਂ ਵੱਧ ਹੋਵੇਗਾ।

## ਤੁਹਾਡੇ ਬਾਲ ਸੰਭਾਲ ਘੰਟਿਆਂ ਦੀ ਵਰਤੋਂ ਕਰਨਾ

- ਜੇਕਰ ਤੁਸੀਂ ਮਾਪਦੰਡਾਂ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ ਆਪਣੇ ਘੰਟਿਆਂ ਦੀ ਵਰਤੋਂ ਉਸ ਟਰਮ ਤੋਂ ਬਾਅਦ ਸ਼ੁਰੂ ਕਰ ਸਕਦੇ ਹੋ ਜਦੋਂ ਤੁਹਾਡਾ ਬੱਚਾ ਸਹੀ ਉਮਰ 'ਤੇ ਪਹੁੰਚ ਜਾਂਦਾ ਹੈ। ਟਰਮ 1 ਜਨਵਰੀ, 1 ਅਪ੍ਰੈਲ, ਅਤੇ 1 ਸਤੰਬਰ ਨੂੰ ਸ਼ੁਰੂ ਹੁੰਦੇ ਹਨ।
- ਆਪਣੇ ਬਾਲ ਸੰਭਾਲ ਘੰਟੇ ਪ੍ਰਾਪਤ ਕਰਦੇ ਰਹਿਣ ਲਈ ਹਰ 3 ਮਹੀਨਿਆਂ ਬਾਅਦ ਆਪਣੇ ਵੇਰਵਿਆਂ ਦੀ ਜਾਂਚ ਜਾਂ ਅੱਪਡੇਟ ਕਰੋ। ਚਿੰਤਾ ਨਾ ਕਰੋ, ਸਮਾਂ ਆਉਣ 'ਤੇ ਤੁਹਾਨੂੰ ਇੱਕ ਰੀਮਾਈਂਡਰ ਮਿਲੇਗਾ।
- ਤੁਸੀਂ ਆਪਣੇ ਘੰਟਿਆਂ ਦੀ ਵਰਤੋਂ ਹੋਰ ਯੋਜਨਾਵਾਂ ਜਿਵੇਂ ਕਿ Tax-Free Childcare ਜਾਂ Universal Credit ਚਾਈਲਡਕੇਅਰ ਦੇ ਨਾਲ ਕਰ ਸਕਦੇ ਹੋ। ਤੁਸੀਂ ਨਰਸਰੀਆਂ, ਚਾਈਲਡਮਾਈਂਡਰਾਂ ਅਤੇ ਪ੍ਰੀ-ਸਕੂਲਾਂ ਵਿਚਕਾਰ ਮਿਲਾ ਅਤੇ ਮੇਲ ਕਰ ਸਕਦੇ ਹੋ।
- ਤੁਹਾਨੂੰ ਤੁਹਾਡੇ ਹੱਕ ਵਾਲੇ ਘੰਟਿਆਂ ਤੋਂ ਇਲਾਵਾ ਕੁਝ ਵਿਕਲਪਿਕ ਵਾਧੂ ਸੇਵਾਵਾਂ ਲਈ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ, ਹਾਲਾਂਕਿ ਇਹ ਤੁਹਾਡੀ ਸਰਕਾਰ ਦੁਆਰਾ ਫੰਡ ਕੀਤੀ ਜਾਂਦੀ ਥਾਂ ਤੱਕ ਪਹੁੰਚ ਕਰਨ ਦੀ ਸ਼ਰਤ ਨਹੀਂ ਹੋਣੀ ਚਾਹੀਦੀ। ਵਧੇਰੇ ਜਾਣਕਾਰੀ ਲਈ ਆਪਣੇ ਪ੍ਰਦਾਤਾ ਨਾਲ ਗੱਲ ਕਰੋ।
- ਵੱਖ-ਵੱਖ ਪ੍ਰਦਾਤਾਵਾਂ ਦੇ ਬਾਲ ਸੰਭਾਲ ਘੰਟਿਆਂ ਦੀ ਵਰਤੋਂ ਕਰਨ ਲਈ ਆਪਣੇ ਨਿਯਮ ਹੋ ਸਕਦੇ ਹਨ। ਜਾਂਚ ਕਰੋ ਕਿ ਉਨ੍ਹਾਂ ਦੇ ਘੰਟੇ ਤੁਹਾਡੇ ਲਈ ਢੁਕਵੇਂ ਹਨ।

**ਤੁਸੀਂ ਇਸ ਸਮਰਥਨ ਲਈ ਯੋਗ ਹੋ ਸਕਦੇ ਹੋ ਜੇਕਰ:**

- ਤੁਹਾਡਾ ਬੱਚਾ **9 ਮਹੀਨਿਆਂ ਤੋਂ 4 ਸਾਲਾਂ ਦੀ ਉਮਰ ਦੇ ਵਿਚਕਾਰ ਹੈ।**
- ਤੁਸੀਂ **ਇੰਗਲੈਂਡ** ਵਿੱਚ ਰਹਿੰਦੇ ਹੋ।
- ਤੁਸੀਂ ਅਤੇ ਤੁਹਾਡਾ ਸਾਥੀ (ਜੇਕਰ ਕੋਈ ਹੈ) ਹਰੇਕ **ਰਾਸ਼ਟਰੀ ਘੱਟੋ-ਘੱਟ ਜਾਂ ਜੀਵਤ ਉਜਰਤ 'ਤੇ ਹਫ਼ਤੇ ਵਿੱਚ 16 ਘੰਟੇ ਦੇ ਬਰਾਬਰ ਕਮਾਈ ਕਰਦੇ ਹੋ** ਪਰ ਸਾਲ ਵਿੱਚ £100,000 ਤੋਂ ਘੱਟ ਹੈ (ਸੰਸ਼ੋਧਿਤ ਸ਼ੁੱਧ ਆਮਦਨ)। ਤੁਸੀਂ ਫਿਰ ਵੀ ਯੋਗ ਹੋ ਸਕਦੇ ਹੋ ਜੇਕਰ ਇੱਕ ਮਾਤਾ-ਪਿਤਾ ਮਾਪਦੰਡਾਂ ਨੂੰ ਪੂਰਾ ਕਰਦਾ ਹੈ ਪਰ ਦੂਜਾ ਕੁਝ ਖਾਸ ਲਾਭ ਪ੍ਰਾਪਤ ਕਰ ਰਿਹਾ ਹੈ।

ਇਹ ਨਾ ਭੁੱਲੋ ਕਿ ਇੰਗਲੈਂਡ ਵਿੱਚ ਰਹਿਣ ਵਾਲੇ **3 ਅਤੇ 4 ਸਾਲ ਦੇ ਬੱਚਿਆਂ ਦੇ ਸਾਰੇ ਮਾਪੇ** ਪਹਿਲਾਂ ਹੀ 15 ਘੰਟੇ ਬਾਲ ਸੰਭਾਲ ਪ੍ਰਾਪਤ ਕਰ ਸਕਦੇ ਹਨ।

ਤੁਹਾਡੇ ਲਈ ਕਿਹੜੇ ਵਿਕਲਪ ਉਪਲਬਧ ਹਨ, ਇਹ ਜਾਂਚਣ ਲਈ ਸਾਡੇ **ਔਨਲਾਈਨ ਯੋਗਤਾ** ਟੂਲ ਦੀ ਵਰਤੋਂ ਕਰੋ।

## ਆਪਣਾ ਕੋਡ ਕਿਵੇਂ ਪ੍ਰਾਪਤ ਕਰੀਏ

1. ਆਪਣੀ ਯੋਗਤਾ ਦੀ ਜਾਂਚ ਕਰਨ ਲਈ **ChildcareChoices.gov.uk** 'ਤੇ ਜਾਓ।
2. ਆਪਣੇ ਪ੍ਰਬੰਧਾਂ ਨੂੰ ਸਮਝਣ ਅਤੇ ਇਹ ਦੇਖਣ ਲਈ ਕਿ ਕੀ ਉਹ ਤੁਹਾਡੇ ਬੱਚੇ ਨੂੰ ਜਗ੍ਹਾ ਦੇ ਸਕਦੇ ਹਨ, **ਆਪਣੇ ਪ੍ਰਦਾਤਾ ਨਾਲ ਗੱਲ ਕਰੋ** ।
3. **ਆਪਣੇ ਕੋਡ ਲਈ ਔਨਲਾਈਨ ਅਪਲਾਈ ਕਰੋ।**
   ਤੁਹਾਨੂੰ ਆਪਣੇ ਨੈਸ਼ਨਲ ਇੰਸ਼ੋਰੈਂਸ ਨੰਬਰ (ਜਾਂ ਜੇਕਰ ਸਵੈ-ਰੁਜ਼ਗਾਰ ਹੋ ਤਾਂ ਵਿਲੱਖਣ ਟੈਕਸਦਾਤਾ ਸੰਦਰਭ), ਕੰਮ ਸ਼ੁਰੂ ਕਰਨ ਦੀ ਜਾਂ ਜਿਸਨੂੰ ਸ਼ੁਰੂ ਕਰਨ ਜਾ ਰਹੇ ਹੋ ਉਹ ਮਿਤੀ, ਤੁਹਾਨੂੰ ਪ੍ਰਾਪਤ ਹੋਣ ਵਾਲੀ ਕਿਸੇ ਵੀ ਸਰਕਾਰੀ ਸਹਾਇਤਾ ਜਾਂ ਲਾਭਾਂ ਦੇ ਵੇਰਵੇ, ਅਤੇ ਤੁਹਾਡੇ ਬੱਚੇ ਦਾ ਯੂਕੇ ਜਨਮ ਸਰਟੀਫਿਕੇਟ ਸੰਦਰਭ ਨੰਬਰ (ਜੇ ਉਪਲਬਧ ਹੋਵੇ) ਦੀ ਲੋੜ ਪਵੇਗੀ।
4. **ਆਪਣਾ ਕੋਡ ਆਪਣੇ ਪ੍ਰਦਾਤਾ ਨੂੰ ਦਿਓ।**
   ਤੁਹਾਨੂੰ ਤੁਰੰਤ ਪਤਾ ਲੱਗ ਸਕਦਾ ਹੈ ਕਿ ਕੀ ਤੁਸੀਂ ਯੋਗ ਹੋ ਪਰ ਤੁਹਾਡਾ ਕੋਡ ਪ੍ਰਾਪਤ ਕਰਨ ਵਿੱਚ 7 ਦਿਨ ਤੱਕ ਦਾ ਸਮਾਂ ਲੱਗ ਸਕਦਾ ਹੈ।
5. **ਆਪਣੇ ਬਾਲ ਸੰਭਾਲ ਖਾਤੇ 'ਤੇ ਹਰ** 3 ਮਹੀਨਿਆਂ ਬਾਅਦ ਆਪਣੇ ਵੇਰਵਿਆਂ ਦੀ ਮੁੜ-ਪੁਸ਼ਟੀ ਕਰੋ।

## ਅਰਜ਼ੀ ਲਈ ਆਖਰੀ ਤਾਰੀਖਾਂ

ਆਪਣਾ 30 ਘੰਟੇ ਦਾ ਬਾਲ ਸੰਭਾਲ ਕੋਡ ਪ੍ਰਾਪਤ ਕਰਨ ਲਈ, ਇਸ ਤਾਰੀਖ ਤੱਕ ਅਪਲਾਈ ਕਰੋ:

- 1 ਸਤੰਬਰ 2025 ਤੋਂ ਇਸਦੀ ਵਰਤੋਂ ਕਰਨ ਲਈ **31 ਅਗਸਤ 2025** ਤੱਕ।
- 1 ਜਨਵਰੀ 2026 ਤੋਂ ਇਸਦੀ ਵਰਤੋਂ ਕਰਨ ਲਈ **31 ਦਸੰਬਰ 2025** ਤੱਕ।
- 1 ਅਪ੍ਰੈਲ 2026 ਤੋਂ ਇਸਦੀ ਵਰਤੋਂ ਕਰਨ ਲਈ **31 ਮਾਰਚ 2026** ਤੱਕ।

## Wraparound childcare

ਸਤੰਬਰ 2024 ਤੋਂ, ਇੰਗਲੈਂਡ ਵਿੱਚ ਪ੍ਰਾਇਮਰੀ ਸਕੂਲ ਦੀ ਉਮਰ ਦੇ ਬੱਚਿਆਂ ਲਈ ਵਧੇਰੇ wraparound childcare ਸਥਾਨ ਉਪਲਬਧ ਹੋ ਗਏ ਹਨ।

Wraparound childcare ਆਮ ਤੌਰ 'ਤੇ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਸਕੂਲ ਤੋਂ ਪਹਿਲਾਂ ਅਤੇ ਬਾਅਦ ਵਿੱਚ, ਟਰਮ ਟਾਈਮ ਦੌਰਾਨ, ਸਕੂਲ ਦੀ ਥਾਂ 'ਤੇ ਜਾਂ ਕਿਸੇ ਹੋਰ ਸਥਾਨਕ ਸੈਟਿੰਗ ਜਿਵੇਂ ਕਿ ਕਮਿਊਨਿਟੀ ਸੈਂਟਰ, ਇੱਕ ਨਰਸਰੀ, ਜਾਂ ਇੱਕ ਚਾਈਲਡਮਾਈਂਡਰ 'ਤੇ ਚਲਦਾ ਹੈ।

ਜੇਕਰ ਤੁਸੀਂ ਯੋਗ ਹੋ, ਤਾਂ ਤੁਸੀਂ ਆਪਣੀ ਜਗ੍ਹਾ ਲਈ ਭੁਗਤਾਨ ਕਰਨ ਵਿੱਚ ਮਦਦ ਲਈ Tax-Free Childcare ਜਾਂ Universal Credit ਚਾਈਲਡਕੇਅਰ ਦੀ ਵਰਤੋਂ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ ਆਪਣੇ ਬੱਚੇ ਦੇ ਸਕੂਲ ਜਾਂ ਸਥਾਨਕ ਅਥਾਰਟੀ ਦੀ ਫੈਮਿਲੀ ਇਨਫਰਮੇਸ਼ਨ ਸਰਵਿਸ ਨਾਲ ਗੱਲ ਕਰੋ।

## ਮੁਫਤ ਬ੍ਰੇਕਫਾਸਟ ਕਲੱਬ

ਅਪ੍ਰੈਲ 2025 ਵਿੱਚ ਸਰਕਾਰ ਦੇ ਪਹਿਲੇ 750 ਮੁਫਤ ਯੂਨੀਵਰਸਲ ਬ੍ਰੇਕਫਾਸਟ ਕਲੱਬ ਲਾਂਚ ਕੀਤੇ ਗਏ, ਜਿਸ ਵਿੱਚ ਇਹ ਸਕੂਲ ਤੋਂ ਪਹਿਲਾਂ 30-ਮਿੰਟ ਦੇ ਸੈਸ਼ਨ ਪ੍ਰਦਾਨ ਕਰਦੇ ਹਨ ਜਿੱਥੇ ਬੱਚਿਆਂ ਨੂੰ ਮੁਫਤ ਬ੍ਰੇਕਫਾਸਟ ਮਿਲਦਾ ਹੈ, ਤਾਂ ਜੋ ਉਹ ਦਿਨ ਦੀ ਸ਼ੁਰੂਆਤ ਸਿੱਖਣ ਲਈ ਤਿਆਰ ਹੋ ਕੇ ਕਰਨ।

ਜੇਕਰ ਤੁਹਾਡੇ ਬੱਚੇ ਦਾ ਸਕੂਲ ਪਹਿਲੇ 750 ਵਿੱਚੋਂ ਹੈ, ਤਾਂ ਉਹ ਨਵੇਂ ਬ੍ਰੇਕਫਾਸਟ ਕਲੱਬਾਂ ਲਈ ਸਾਈਨ ਅੱਪ ਕਿਵੇਂ ਕਰਨਾ ਹੈ, ਬਾਰੇ ਦੱਸਣ ਲਈ ਤੁਹਾਨੂੰ ਸਿੱਧਾ ਸੰਪਰਕ ਕਰਨਗੇ।

ਸਰਕਾਰ ਦੇ ਇੰਗਲੈਂਡ ਵਿੱਚ ਹਰ ਸਰਕਾਰੀ ਫੰਡ ਪ੍ਰਾਪਤ ਪ੍ਰਾਇਮਰੀ ਸਕੂਲ ਵਿੱਚ ਇੱਕ ਮੁਫਤ ਬ੍ਰੇਕਫਾਸਟ ਕਲੱਬ ਪ੍ਰਦਾਨ ਕਰਨ ਦੇ ਵਾਅਦੇ ਦੇ ਹਿੱਸੇ ਵਜੋਂ ਰਾਸ਼ਟਰੀ ਰੋਲਆਊਟ ਬਾਰੇ ਹੋਰ ਵੇਰਵੇ ਜਲਦੀ ਹੀ ਉਪਲਬਧ ਹੋਣਗੇ। ਹੋਰ ਜਾਣਨ ਲਈ Childcare Choices ਦੀ ਖੋਜ ਕਰੋ।



# ਵਾਧੂ ਕਿਸਮਾਂ ਦੀ ਸਹਾਇਤਾ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਲਈ ਮਦਦ

**ਤੁਹਾਡਾ 2 ਸਾਲ ਦਾ ਬੱਚਾ ਫੰਡ ਪ੍ਰਾਪਤ ਸ਼ੁਰੂਆਤੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ ਜੇਕਰ ਤੁਸੀਂ ਇੰਗਲੈਂਡ ਵਿੱਚ ਰਹਿੰਦੇ ਹੋ ਅਤੇ ਕੁਝ ਵਾਧੂ ਕਿਸਮਾਂ ਦੀ ਸਹਾਇਤਾ ਪ੍ਰਾਪਤ ਕਰਦੇ ਹੋ, ਉਦਾਹਰਨ ਲਈ ਜੇਕਰ ਤੁਹਾਨੂੰ Universal Credit ਮਿਲਦਾ ਹੈ, ਜਾਂ ਤੁਹਾਡੇ ਬੱਚੇ ਕੋਲ ਸਿੱਖਿਆ, ਸਿਹਤ ਅਤੇ ਦੇਖਭਾਲ ਯੋਜਨਾ (EHC) ਹੈ, ਦੇਖਭਾਲ ਅਧੀਨ ਹੈ, ਜਾਂ ਪਹਿਲਾਂ ਦੇਖਭਾਲ ਅਧੀਨ ਸੀ। ਤੁਸੀਂ ਤਾਂ ਵੀ ਯੋਗ ਹੋ ਸਕਦੇ ਹੋ ਭਾਵੇਂ ਤੁਸੀਂ ਆਪਣੀ ਇਮੀਗ੍ਰੇਸ਼ਨ ਸਥਿਤੀ ਕਾਰਨ ਲਾਭਾਂ ਤੱਕ ਪਹੁੰਚ ਨਹੀਂ ਕਰ ਸਕਦੇ।**

- ਇਹ ਯੋਜਨਾ ਕੰਮਕਾਜੀ ਮਾਪਿਆਂ ਨੂੰ ਪੇਸ਼ ਕੀਤੇ ਗਏ 30 ਘੰਟਿਆਂ ਤੋਂ ਵੱਖਰੀ ਹੈ।
- ਇਹ ਦੇਖਣ ਲਈ ਕਿ ਕੀ ਤੁਸੀਂ ਯੋਗ ਹੋ, Childcare Choices ਵੈਬਸਾਈਟ ‘ਤੇ ਜਾਓ।
- ਜੇਕਰ ਤੁਸੀਂ ਯੋਗ ਹੋ, ਤਾਂ ਸਿੱਧੇ ਆਪਣੇ ਬਾਲ ਸੰਭਾਲ ਪ੍ਰਦਾਤਾ ਜਾਂ ਸਥਾਨਕ ਕੌਂਸਲ ਨਾਲ ਸੰਪਰਕ ਕਰੋ।
- ਜੇਕਰ ਤੁਹਾਨੂੰ ਬਾਲ ਸੰਭਾਲ ਪ੍ਰਦਾਤਾ ਲੱਭਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਕਿਰਪਾ ਕਰਕੇ ਆਪਣੀ ਸਥਾਨਕ ਅਥਾਰਟੀ ਦੀ ਫੈਮਿਲੀ ਇਨਫਰਮੇਸ਼ਨ ਸਰਵਿਸ ਨਾਲ ਸੰਪਰਕ ਕਰੋ।

## ਦੇਖੋ ਕਿ ਤੁਸੀਂ ਕਿਹੜੀ ਸਹਾਇਤਾ ਪ੍ਰਾਪਤ ਕਰ ਸਕਦੇ ਹੋ

ਤੁਸੀਂ ਸਾਡੀ ਵੈਬਸਾਈਟ ‘ਤੇ ਯੋਗਤਾ ਜਾਂਚਕਰਤਾ ਦੀ ਵਰਤੋਂ ਕਰਕੇ ਪਤਾ ਲਗਾ ਸਕਦੇ ਹੋ। ਬਸ QR ਕੋਡ ਸਕੈਨ ਕਰੋ ਜਾਂ **‘Childcare Choices’** ਦੀ ਖੋਜ ਕਰੋ।